a2zpapers.com

**Exam. Code : 112101**
**Subject Code : 3515**

# B.Design (Multimedia) 1st Semester

## PUNJABI COMPULSORY

## Paper–VI (i)

Time Allowed—3 Hours] [Maximum Marks—50

**ਨੋਟ :** ਪ੍ਰਸ਼ਨ ਪੱਤਰ ਦੇ **ਚਾਰ** ਭਾਗ ਹਨ। ਹਰ ਭਾਗ ਵਿੱਚ **ਦੋ** ਪ੍ਰਸ਼ਨ ਪੁੱਛੇ ਗਏ ਹਨ। ਵਿਦਿਆਰਥੀ ਨੇ ਕੁਲ **ਪੰਜ** ਪ੍ਰਸ਼ਨ ਕਰਨੇ ਹਨ। ਹਰ ਭਾਗ ਵਿੱਚੋਂ **ਇੱਕ** ਪ੍ਰਸ਼ਨ ਦਾ ਉੱਤਰ ਦੇਣਾ ਲਾਜ਼ਮੀ ਹੈ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਹਰੇਕ ਪ੍ਰਸ਼ਨ ਦੇ ਅੰਕ ਬਰਾਬਰ ਹਨ।

### ਭਾਗ—ਪਹਿਲਾ

1. ਪ੍ਰਸੰਗ ਸਹਿਤ ਵਿਆਖਿਆ ਕਰੋ :

ਸੁਪਨੇ ਵਿੱਚ ਤੁਸੀਂ ਮਿਲੇ ਅਸਾਨੂੰ
ਅਸਾਂ ਧਾ ਗਲਵਕੜੀ ਪਾਈ
ਨਿਰਾ ਨੂਰ ਤੁਸੀਂ ਹੱਥ ਨਾ ਆਏ
ਸਾਡੀ ਕੰਬਦੀ ਰਹੀ ਕਲਾਈ
ਧਾ ਚਰਨਾਂ ਤੇ ਸੀਸ ਨਿਵਾਯਾ
ਸਾਡੇ ਮੱਥੇ ਛੋਹ ਨਾ ਪਾਈ। 10

2. ਡਾ. ਹਰਿਭਜਨ ਸਿੰਘ ਦੀ ਕਵਿਤਾ 'ਕਚ ਸੂਤਕ' ਦਾ ਸਾਰ ਲਿਖੋ। 10



www.a2zpapers.com www.a2zpapers.com
oad free old Question papers gndu, ptu hp board, punjab

a2zpapers.com

ਭਾਗ—ਦੂਜਾ

3. '1917 ਤੋਂ ਪਹਿਲਾਂ ਰੂਸ' ਨਿਬੰਧ ਦਾ ਸਾਰ ਲਿਖੋ। 10

4. 'ਹਵਾ ਵਿੱਚ ਗਰਜ' ਨਿਬੰਧ ਦੇ ਆਧਾਰ ਤੇ ਸ਼੍ਰੀ ਜਵਾਹਰ ਲਾਲ ਨਹਿਰੂ ਦੀ ਲਿਖਣ ਸ਼ੈਲੀ ਤੇ ਨੋਟ ਲਿਖੋ। 10

ਭਾਗ—ਤੀਜਾ

5. 'ਕਿਸੇ **ਇੱਕ** ਵਿਸ਼ੇ ਉੱਤੇ ਪੈਰ੍ਹਾ ਰਚਨਾ ਕਰੋ :

(ੳ) ਵਿਦਿਆਰਥੀ ਅਤੇ ਖੇਡਾਂ

(ਅ) ਪ੍ਰਦੂਸ਼ਣ ਦੀ ਸਮੱਸਿਆ

(ੲ) ਸਾਹਿਤ ਅਤੇ ਸਮਾਜ। 10

6. ਪੈਰ੍ਹਾ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

ਮਲਾਮਤੀ 'ਮਲਾਮਤ' ਤੋਂ ਬਣਿਆ ਹੈ, ਜਿਸ ਦਾ ਭਾਵ ਹੈ 'ਨਿੰਦਿਆ' ਅਤੇ ਇਹ ਉਸ ਵਿਅਕਤੀ ਵਲ ਸੰਕੇਤ ਕਰਦਾ ਹੈ ਜਿਹੜਾ 'ਨਿੰਦਿਆਯੋਗ' ਹੈ। ਡਾ. ਮੋਹਨ ਸਿੰਘ ਦੀਵਾਨਾ ਦਾ ਵਿਚਾਰ ਹੈ ਕਿ ਮਲਾਮਤ ਇਹ ਨਹੀਂ ਕਿ ਸ਼ਰੀਅਤ ਦੀ ਬੇ-ਹੁਰਮਤੀ ਤੇ ਬੇਅਦਬੀ ਵਾਲਾ ਕੰਮ ਕਰੀਏ। ਮਲਾਮਤ ਇਹ ਹੈ ਕਿ ਅੱਲਾ ਦੇ ਰਸਤੇ ਵਿੱਚ ਸੱਚੇ ਸੁੱਚੇ ਕਰਮ ਕਰਦਿਆਂ ਦੁਨੀਆਂ ਦਾ ਡਰ ਨਾ ਰੱਖੀਏ। ਇਸ ਸੰਪਰਦਾ ਦੇ ਅਨੁਯਾਈ ਇਸਲਾਮੀ ਕਰਮ ਕਾਂਡ ਅਤੇ ਦਿਖਾਵੇ ਦੀਆਂ ਰਸਮਾਂ ਰੀਤਾਂ ਦਾ ਤਿਆਗ ਕਰਦੇ ਹਨ। ਇਨ੍ਹਾਂ ਦਾ ਬੁਨਿਆਦੀ ਵਿਚਾਰ ਹੈ ਕਿ ਮਨੁੱਖ ਖੁਦਾ ਦੇ ਸਨਮੁੱਖ ਕੋਈ ਹਸਤੀ ਨਹੀਂ ਰਖਦਾ। ਉਹ ਸੰਸਾਰ ਵਿੱਚ ਵਿਚਰਦਿਆਂ ਸੰਸਾਰਕ ਤ੍ਰਿਸ਼ਨਾਵਾਂ ਤੋਂ ਦੂਰ ਰਹਿੰਦਾ ਹੈ।



www.a2zpapers.com www.a2zpapers.com
oad free old Question papers gndu, ptu hp board, punjab

a2zpapers.com

ਮਲਾਮਤੀ ਸ਼ਬਦ ਉਸ ਜੀਵਨ ਵਿਧੀ ਵੱਲ ਸੰਕੇਤ ਕਰਦਾ ਹੈ ਜਿਸ ਵਿੱਚ ਉਸ ਸਮੇਂ ਦੇ ਸੂਫ਼ੀ ਇੱਕ ਸੁਤੰਤਰ ਜੀਵਨ ਢੰਗ ਅਪਣਾਉਂਦਿਆਂ ਆਪਣੀ ਆਂਤਰਿਕ ਪਵਿਤਰਤਾ ਅਤੇ ਆਂਤਰਿਕ ਸ਼ਕਤੀ ਲੁਕਾਈ ਰੱਖਣ ਵਿੱਚ ਵਿਸ਼ਵਾਸ ਰਖਦੇ ਸਨ। ਮਲਾਮਤ ਤਿੰਨ ਪ੍ਰਕਾਰ ਦੀ ਹੈ। ਮਲਾਮਤ-ਏ-ਰਾਸਤ ਰਫਤਨ, ਮਲਾਮਤ-ਏ-ਕਸਦ ਕਰਦਨ, ਮਲਾਮਤ-ਏ-ਤਰਕ ਕਰਦਨ।

(ੳ) ਉਪਰੋਕਤ ਪੈਰ੍ਹੇ ਨੂੰ ਢੁੱਕਵਾਂ ਸਿਰਲੇਖ ਦਿਉ।

(ਅ) ਡਾ. ਮੋਹਨ ਸਿੰਘ ਦੀਵਾਨਾ ਅਨੁਸਾਰ ਮਲਾਮਤ ਕੀ ਹੈ ?

(ੲ) ਮਲਾਮਤੀ ਸ਼ਬਦ ਕਿਸ ਜੀਵਨ ਵਿਧੀ ਵਲ ਸੰਕੇਤ ਕਰਦਾ ਹੈ ?

(ਸ) ਮਲਾਮਤ ਕਿੰਨੇ ਪ੍ਰਕਾਰ ਦੀ ਹੈ ?

(ਹ) ਮਲਾਮਤੀਆਂ ਦਾ ਬੁਨਿਆਦੀ ਵਿਚਾਰ ਕੀ ਹੈ ? 10

## ਭਾਗ—ਚੌਥਾ

7. ਪੰਜਾਬੀ ਸਵਰਾਂ ਦਾ ਵਰਗੀਕਰਨ ਕਰੋ। 10

8. ਮਲਵਈ ਉਪਭਾਸ਼ਾ ਦੇ ਪਛਾਣ-ਚਿੰਨ੍ਹ ਲਿਖੋ। 10



www.a2zpapers.com www.a2zpapers.com
oad free old Question papers gndu, ptu hp board, punjab